# External Affairs Minister's meeting with State Councilor and Foreign Minister of China, H.E. Mr. Wang Yi on the sidelines of SCO Council of Heads of State Meeting

September 16, 2021

.............................................................................................................................................................

## SCO ਦੇਸ਼ਾਂ ਦੇ ਪ੍ਰਮੁੱਖਾਂ ਦੀ ਮੀਟਿੰਗ ਦੌਰਾਨ ਵਿਦੇਸ਼ ਮੰਤਰੀ ਦੀ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਨਾਲ ਮੁਲਾਕਾਤ

16 ਸਤੰਬਰ, 2021

ਵਿਦੇਸ਼ ਮੰਤਰੀ ਨੇ 16 ਸਤੰਬਰ 2021 ਨੂੰ ਦੁਸ਼ਾਂਬੇ (ਤਜ਼ਾਕਿਸਤਾਨ) ਵਿਖੇ SCO ਦੇਸ਼ਾਂ ਦੇ ਮੁਖੀਆਂ ਦੀ 21ਵੀਂ ਮੀਟਿੰਗ ਦੌਰਾਨ ਚੀਨੀ ਸਟੇਟ ਕੌਂਸਲਰ ਅਤੇ ਵਿਦੇਸ਼ ਮੰਤਰੀ ਮਹਾਮਹਿਮ ਸ਼੍ਰੀ ਵੈਂਗ ਯੀ ਨਾਲ ਮੁਲਾਕਾਤ ਕੀਤੀ। ਦੋਵਾਂ ਮੰਤਰੀਆਂ ਨੇ ਪੂਰਬੀ ਲੱਦਾਖ ਵਿੱਚ ਅਸਲ ਕੰਟਰੋਲ ਰੇਖਾ (LAC) ਉੱਤੇ ਅਤੇ ਆਲਮੀ ਘਟਨਾਕ੍ਰਮ ਦੀ ਮੌਜੂਦਾ ਸਥਿਤੀ ਬਾਰੇ ਵਿਚਾਰ ਵਟਾਂਦਰਾ ਕੀਤਾ।

2. ਵਿਦੇਸ਼ ਮੰਤਰੀ ਨੇ ਕਿਹਾ ਕਿ 14 ਜੁਲਾਈ ਨੂੰ ਹੋਈ ਉਨ੍ਹਾਂ ਦੀ ਪਿਛਲੀ ਮੀਟਿੰਗ ਤੋਂ ਬਾਅਦ ਦੋਵਾਂ ਧਿਰਾਂ ਨੇ ਪੂਰਬੀ ਲੱਦਾਖ ਵਿੱਚ ਅਸਲ ਕੰਟ੍ਰੋਲ ਰੇਖਾ ਨਾਲ ਜੁੜੇ ਬਾਕੀ ਮੁੱਦਿਆਂ ਦੇ ਹੱਲ ਕੱਢਣ ਦੇ ਮਾਮਲੇ 'ਚ ਕੁਝ ਤਰੱਕੀ ਕੀਤੀ ਸੀ ਅਤੇ ਗੋਗਰਾ ਖੇਤਰ ਵਿੱਚ ਡਿਸਇੰਗੇਜਮੈਂਟ ਪੂਰੀ ਕਰ ਲਈ ਸੀ। ਲੇਕਿਨ ਅਜੇ ਵੀ ਕੁਝ ਬਕਾਇਆ ਮੁੱਦੇ ਸਨ, ਜਿਨ੍ਹਾਂ ਦਾ ਹੱਲ ਕੱਢਣ ਦੀ ਲੋੜ ਹੈ।

3. ਇਸ ਸੰਦਰਭ ਵਿੱਚ ਵਿਦੇਸ਼ ਮੰਤਰੀ ਨੇ ਚੇਤੇ ਕੀਤਾ ਕਿ ਵਿਦੇਸ਼ ਮੰਤਰੀ ਵਾਂਗ ਯੀ ਨੇ ਆਪਣੀ ਪਿਛਲੀ ਮੁਲਾਕਾਤ ਵਿੱਚ ਕਿਹਾ ਸੀ ਕਿ ਦੁਵੱਲੇ ਬਹੁਤ ਨੀਂਵੇ ਪੱਧਰ ਤੇ ਪਹੁੰਚ ਗਏ ਹਨ. ਦੋਵੇਂ ਧਿਰਾਂ ਇਸ ਗੱਲ 'ਤੇ ਸਹਿਮਤ ਸਨ ਕਿ ਮੌਜੂਦਾ ਸਥਿਤੀ ਨੂੰ ਹੋਰ ਲੰਮਾ ਕਰਨਾ ਕਿਸੇ ਵੀ ਪੱਖ ਦੇ ਹਿੱਤ ਵਿੱਚ ਨਹੀਂ ਹੈ ਕਿਉਂਕਿ ਇਸ ਨਾਲ ਦੋਵਾਂ ਦੇਸ਼ਾਂ ਦੇ ਸਬੰਧਾਂ 'ਤੇ ਮਾੜਾ ਅਸਰ ਪੈ ਰਿਹਾ ਹੈ। ਵਿਦੇਸ਼ ਮੰਤਰੀ ਨੇ ਇਸ ਲਈ ਧਿਆਨ ਦਿਵਾਇਆ ਕਿ ਦੋਹਾਂ ਪੱਖਾਂ ਨੂੰ ਦੁਵੱਲੇ ਸਮਝੌਤਿਆਂ ਅਤੇ ਪ੍ਰੋਟੋਕਾਲਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦੇ ਹੋਏ ਪੂਰਬੀ ਲੱਦਾਖ ਵਿੱਚ ਅਸਕ ਕੰਟ੍ਰੋਲ ਰੇਖਾ ਬਾਰੇ ਬਾਕੀ ਮੁੱਦਿਆਂ ਦੇ ਛੇਤੀ ਨਿਪਟਾਰੇ ਲਈ ਕੰਮ ਕਰਨਾ ਚਾਹੀਦਾ ਹੈ।

4. ਵਿਦੇਸ਼ ਮੰਤਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਪੂਰਬੀ ਲੱਦਾਖ ਵਿੱਚ ਅਸਲ ਕੰਟ੍ਰੋਲ ਰੇਖਾ 'ਤੇ ਅਮਨ ਅਤੇ ਸ਼ਾਂਤੀ ਬਹਾਲ ਕਰਨ ਲਈ ਬਾਕੀ ਮੁੱਦਿਆਂ ਦੇ ਹੱਲ ਵਿੱਚ ਤਰੱਕੀ ਨੂੰ ਯਕੀਨੀ ਬਣਾਉਣਾ ਲੋੜੀਂਦਾ ਹੈ ਅਤੇ ਇਹ ਵੀ ਕਿਹਾ ਕਿ ਸਰਹੱਦੀ ਖੇਤਰਾਂ ਅਮਨ ਸ਼ਾਂਤੀ ਅਤੇ ਸ਼ਾਂਤੀ ਦੁਵੱਲੇ ਸਬੰਧਾਂ ਵਿੱਚ ਤਰੱਕੀ ਦਾ ਜ਼ਰੂਰੀ ਅਧਾਰ ਰਹੀ ਹੈ। ਇਸ ਸਬੰਧ ਵਿੱਚ ਮੰਤਰੀ ਇਸ ਗੱਲ 'ਤੇ ਸਹਿਮਤ ਹੋਏ ਕਿ ਦੋਵਾਂ ਧਿਰਾਂ ਦੇ ਫੌਜੀ ਅਤੇ ਕੂਟਨੀਤਕ ਅਧਿਕਾਰੀਆਂ ਨੂੰ ਦੁਬਾਰਾ ਮਿਲਕੇ ਬਾਕੀ ਮੁੱਦਿਆਂ ਨੂੰ ਛੇਤੀ ਤੋਂ ਛੇਤੀ ਹੱਲ ਕਰਨ ਲਈ ਆਪਣੀ ਗੱਲਬਾਤ ਜਾਰੀ ਰੱਖਣੀ ਚਾਹੀਦੀ ਹੈ।

5. ਦੋਹਾਂ ਮੰਤਰੀਆਂ ਨੇ ਹਾਲੀਆ ਆਲਮੀ ਘਟਨਾਵਾਂ 'ਤੇ ਵੀ ਵਿਚਾਰ ਵਟਾਂਦਰਾ ਕੀਤਾ। ਵਿਦੇਸ਼ ਮੰਤਰੀ ਨੇ ਦੱਸਿਆ ਕਿ ਭਾਰਤ ਨੇ ਕਦੇ ਵੀ ਸੱਭਿਆਤਾਵਾਂ ਦੇ ਟਕਰਾਅ ਦੇ ਕਿਸੇ ਵੀ ਸਿਧਾਂਤ 'ਚ ਕਦੇ ਭਰੋਸਾ ਨਹੀਂ ਕੀਤਾ ਹੈ. ਉਨ੍ਹਾਂ ਕਿਹਾ ਕਿ ਭਾਰਤ ਅਤੇ ਚੀਨ ਨੂੰ ਇੱਕ ਦੂਜੇ ਨਾਲ ਆਪਸੀ ਗੁਣਾਂ ਦੇ ਆਧਾਰ 'ਤੇ ਨਜਿੱਠਣਾ ਚਾਹੀਦਾ ਹੈ ਅਤੇ ਆਪਸੀ ਸਨਮਾਨ ਦੇ ਅਧਾਰ 'ਤੇ ਸਬੰਧ ਬਣਾਉਣਾ ਚਾਹੀਦਾ ਹੈ। ਅਜਿਹਾ ਕਰਨ ਲਈ ਇਹ ਜ਼ਰੂਰੀ ਹੈ ਕਿ ਚੀਨ ਸਾਡੇ ਦੁਵੱਲੇ ਸਬੰਧਾਂ ਨੂੰ ਤੀਜੀ ਦੁਨੀਆ ਦੇ ਦੇਸ਼ਾਂ ਦੇ ਨਾਲ ਆਪਣੇ ਸਬੰਧਾਂ ਦੇ ਨਜ਼ਰੀਏ ਤੋਂ ਦੇਖਣ ਤੋਂ ਬਚੇ। ਏਸ਼ੀਆਈ ਏਕਤਾ ਭਾਰਤ-ਚੀਨ ਸਬੰਧਾਂ ਦੁਆਰਾ ਸਥਾਪਤ ਕੀਤੀ ਜਾਂ ਵਾਲੀ ਮਿਸਾਲ 'ਤੇ ਨਿਰਭਰ ਕਰੇਗੀ।

6. ਦੋਵੇਂ ਮੰਤਰੀਆਂ ਨੇ ਸੰਪਰਕ ਬਣਾਏ ਰੱਖਣ ਤੇ ਸਹਿਮਤੀ ਦਿੱਤੀ।

ਦੁਸ਼ਾਂਬੇ

16 ਸਤੰਬਰ, 2021

DISCLAIMER: This is an approximate translation. The original is available in English on MEA's website and may be referred to as the official press release.